# ਸ਼ੇਖ਼ ਫ਼ਰੀਦ - ਸਬਦ ੪

## ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥

### ਰਾਗੁ ਸੂਹੀ ਲਲਿਤ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੭੯੪

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ ਰਹਾਉ ॥
ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ ॥
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥੨॥
ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥੩॥੨॥

ਸਾਰ: ਆਲੋਚਨਾਤਮਕ ਵਿਚਾਰਧਾਰਾ ਦੀ ਮੁਕਤ ਕਰਨ ਵਾਲੀ ਪ੍ਰਕਿਰਿਆ ਨੂੰ ਜਾਣਨਾ ਬਹੁਤ ਜ਼ਰੂਰੀ ਹੈ। ਇਹ ਇੱਕ ਅਜਿਹੀ ਕਲਾ ਹੈ ਜੋ ਸਾਨੂੰ ਆਪਣੀ ਸੋਚ ਅਤੇ ਵਿਸ਼ਵਾਸਾਂ ਨੂੰ ਇਸ ਤਰ੍ਹਾਂ ਘੜ੍ਹਣ ਦੀ ਯੋਗਤਾ ਦਿੰਦੀ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਪ੍ਰਤੀ ਜਾਣਕਾਰੀ ਨੂੰ ਗਹਿਰਾਈ ਨਾਲ ਘੋਖ ਸਕੀਏ। ਇਸ ਤੋਂ ਬਿਨ੍ਹਾਂ, ਅਸੀਂ ਅੰਧ ਵਿਸ਼ਵਾਸ ਅਤੇ ਅਗਿਆਨਤਾ ਦੇ ਜਾਲ ਵਿਚ ਫਸ ਜਾਂਦੇ ਹਾਂ, ਕਿਉਂਕਿ ਅਸੀਂ ਕਿਸੇ ਵੀ ਤੱਥ ਨੂੰ ਬਿਨ੍ਹਾਂ ਵਿਚਾਰਿਆਂ ਜਾਂ ਬਗੈਰ ਉਸ ਦੀ ਸਮੀਖਿਆ ਕੀਤਿਆਂ ਸਵੀਕਾਰ ਲੈਂਦੇ ਹਾਂ। ਇਸ ਤੋਂ ਇਲਾਵਾ, ਆਲੋਚਨਾਤਮਕ ਵਿਚਾਰਧਾਰਾ ਦੀ ਘਾਟ ਸਾਨੂੰ ਸਮੂਹਕ ਸੋਚ ਪ੍ਰਤੀ ਕਮਜ਼ੋਰ ਬਣਾਉਂਦੀ ਹੈ, ਜਿਸ ਨਾਲ ਅਸੀਂ ਗੈਰ-ਤਾਰਕਿਕ ਵਿਚਾਰਾਂ ਦੇ ਅਨੁਕੂਲ ਢਲ ਜਾਂਦੇ ਹਾਂ, ਜੋ ਵਿਸ਼ਵ-ਵਿਆਪਕ ਤੌਰ ਤੇ ਨੁਕਸਾਨਦੇਹ ਹੈ, ਭਾਵੇਂ ਉਹ ਸਾਡੀਆਂ ਮੂਲ ਕਦਰਾਂ-ਕੀਮਤਾਂ ਦੇ ਵਿਪਰੀਤ ਹੋਣ।

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥

ਸਹੀ ਸਮੇਂ ‘ਤੇ ਬੇੜਾ ਬਣਾਉਣ ਵਿੱਚ ਅਸਫ਼ਲ ਹੋਣਾ ਮੁਲਵਾਨ ਰੁਪਾਂਤ੍ਰਣ ਦੀ ਪਹਿਲ ਕਦਮੀ ਕਰਨ ਵਾਲੇ ਸਮਰਪਣ ਦੀ ਘਾਟ ਦਾ ਪ੍ਰਤੀਕ ਹੈ।

ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥

ਜਦੋਂ ਸਮੁੰਦਰ ਉਛਲਦਾ ਹੈ ਅਤੇ ਇਸ ਦੇ ਪਾਣੀਆਂ ਵਿੱਚ ਚੜ੍ਹਾਅ ਆ ਜਾਂਦਾ ਹੈ, ਤਾਂ ਉਸ ਸਮੇਂ ਇਸ ਨੂੰ ਪਾਰ ਕਰਨਾ ਖਤਰਨਾਕ ਹੋ ਜਾਂਦਾ ਹੈ। ਇਹ ਉਦਾਹਰਣ ਉਜਾਗਰ ਕਰਦੀ ਹੈ ਕਿ ਜਦੋਂ ਮਨ ਦਵੈਤ ਅਤੇ ਹਉਮੈ ਨਾਲ ਭਰ ਜਾਂਦਾ ਹੈ, ਤਾਂ ਰੁਕਾਵਟਾਂ ਨੂੰ ਪਾਰ ਕਰਨਾ ਚੁਣੌਤੀਪੂਰਨ ਹੋ ਜਾਂਦਾ ਹੈ। (੧)

ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ ਰਹਾਉ ॥

ਪਿਆਰੇ ਦੋਸਤੋ, ਅਸੀਂ ਕੁਸਮ ਨੂੰ ਸਪਰਸ਼ ਕਰਨ ਤੋਂ ਇਸ ਲਈ ਡਰਦੇ ਹਾਂ ਕਿ ਕਿਧਰੇ ਇਸ ਦਾ ਰੰਗ ਫਿੱਕਾ ਨਾ ਪੈ ਜਾਵੇ। ਪ੍ਰਤੀਕ ਰੂਪ ਵਿੱਚ ਇਹ ਰੂੜ੍ਹੀਵਾਦ ਵਿਸ਼ਵਾਸਾਂ ਨੂੰ ਚੁਣੌਤੀ ਦੇਣ ਵਾਲੀ ਆਲੋਚਨਾਤਮਕ ਸੋਚ ਨੂੰ ਨਕਾਰਨ ਦੇ ਰੁਝਾਨ ਨੂੰ ਦਰਸਾਉਂਦਾ ਹੈ। (੧)(ਠਹਿਰਾਉ)

ਇਕ ਆਪੀਨੈ੍ ਪਤਲੀ ਸਹ ਕੇਰੇ ਬੋਲਾ ॥

ਜੇ ਕੋਈ ਕਮਜ਼ੋਰ ਹੈ, ਤਾਂ ਉਹ ਆਪਣੇ ਆਪ ਨੂੰ ਦੁਨਿਆਵੀ ਲਾਲਸਾਵਾਂ ਨਾਲ ਜੁੜਨ ਤੋਂ ਕਿਵੇਂ ਬਚਾ ਸਕਦਾ ਹੈ?

ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥੨॥

ਜਦੋਂ ਦੁੱਧ ਥਨਾਂ ਵਿਚ ਨਾ ਆਵੇ ਤਾਂ ਧਾਰ ਨਹੀਂ ਕੱਢੀ ਜਾ ਸਕਦੀ, ਜਿਸ ਤੋਂ ਬਿਨ੍ਹਾਂ ਦੁਧ ਇਕੱਠਾ ਨਹੀਂ ਹੁੰਦਾ, ਪ੍ਰਤੀਕ ਰੂਪ ਵਿਚ ਗਿਆਨ ਆਲੋਚਨਾਤਮਕ ਸੋਚ ਤੋਂ ਬਿਨ੍ਹਾਂ ਬਿਬੇਕ ਦੀ ਧਾਰਾ ਵਿਚ ਨਹੀਂ ਵਹਿ ਸਕਦਾ। (੨)

ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥

ਫਰੀਦ ਕਹਿੰਦੇ ਹਨ, ਸਾਥੀਓ, ਜਦੋਂ ਅਸੀਂ ਆਪਣਾ ਧਿਆਨ ਸਰਵ ਵਿਆਪਕ ਚੇਤਨਾ ਵੱਲ ਲਿਜਾਂਦੇ ਹਾਂ ਜੋ ਸਾਨੂੰ ਸਾਰਿਆਂ ਨੂੰ ਜੋੜਦੀ ਹੈ।

ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥੩॥੨॥

ਤਦ ਹੰਸ ਵਰਗੇ ਸ਼ੁੱਧ ਵਿਚਾਰ ਪੈਦਾ ਹੁੰਦੇ ਹਨ, ਜਿਸ ਨਾਲ ਮਨ ਦਾ ਦਵੈਤ ਫਿੱਕਾ ਪੈ ਜਾਂਦਾ ਹੈ। ਕੇਵਲ ਤਦ ਹੀ ਕੋਈ ਅਸਲ ਵਿਚ ਸਮਝ ਸਕਦਾ ਹੈ ਕਿ ਸਰੀਰ ਅਸਥਾਈ ਹੈ ਅਤੇ ਅੰਤ ਵਿੱਚ ਇਹ ਮੁੜ ਮਿੱਟੀ ਹੋ ਜਾਵੇਗਾ। (੩)(੨)

ਤੱਤ: ਸ਼ੇਖ ਫ਼ਰੀਦ ਇਹ ਦਾਅਵਾ ਕਰਦੇ ਹਨ ਕਿ ਧਿਆਨ ਅਤੇ ਆਪਣੇ ਨਿੱਜੀ ਅਨੁਭਵਾਂ ਦਾ ਚਿੰਤਨ ਸਾਨੂੰ ਅਸਲੀਅਤ ਅਤੇ ਸਵੈ ਦੀ ਡੂੰਘੀ ਸੂਝ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ। ਇਸ ਬਿਬੇਕ ਭਰੀ ਸਮਝ ਵਿੱਚ ਇਹ ਅਹਿਸਾਸ ਹੁੰਦਾ ਹੈ ਕਿ ਹਰ ਵਸਤ ਅਸਥਿਰ ਹੈ। ਜਿਸ ਨਾਲ ਵਿਅਕਤੀ ਅੰਦਰ ਉਹ ਗੁਣ ਪੈਦਾ ਅਤੇ ਵਿਕਸਤ ਹੋਣ ਵਿਚ ਮਦਦ ਮਿਲਦੀ ਹੈ, ਜੋ ਵਧੇਰੇ ਸਦਭਾਵਨਾ, ਅਰਥਭਰਪੂਰ ਅਤੇ ਦਿਆਲੂ ਜੀਵਨ ਜੀਉਣ ਵੱਲ ਅਗਵਾਈ ਕਰਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **[OnenessInDiversity.com]**

ਈਮੇਲ: **onenessindiversityfoundation@gmail.com**